# ਜਿਲ੍ਹਾ ਮੈਜਿਸਟਰੇਟ,ਰੂਪਨਗਰ।

(ਫੁਟਕਲ ਸ਼ਾਖਾ)

ਹੁਕਮ

ਮੇਰੇ ਧਿਆਨ ਵਿਚ ਆਇਆ ਹੈ ਕਿ ਜਿਲ੍ਹਾ ਰੂਪਨਗਰ ਵਿਚ ਕਾਫੀ ਗਿਣਤੀ ਵਿਚ ਮੈਰਿਜ ਪੈਲਸ ਚੱਲ ਰਹੇ ਹਨ। ਇਹਨਾਂ ਪੈਲਸਾਂ ਵਿਚ ਹੁੰਦੇ ਸਮਾਰੋਹ ਦੌਰਾਨ ਕਈ ਲੋਕਾਂ ਵੱਲੋ ਹਥਿਆਰ ਨਾਲ ਲੈ ਕੇ ਜਾਣ ਅਤੇ ਹਵਾਈ ਫਾਇਰ ਕਰਨਾ ਇਕ ਜਸ਼ਨ ਜਿਹਾ ਬਣ ਗਿਆ ਹੈ,ਜਿਸ ਨਾਂਲ ਕਈ ਵਾਰ ਅਣਸੁਖਾਵੀ ਘਟਨਾਵਾਂ ਵਾਪਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਜਿਲ੍ਹੇ ਵਿਚ ਚੱਲ ਰਹੇ ਮੈਰਿਜ ਪੈਲਸਾਂ ਅੰਦਰ ਹਥਿਆਰ ਲੈ ਕੇ ਜਾਣ ਅਤੇ ਹਵਾਈ ਫਾਇਰ ਕਰਨ ਤੇ ਰੋਕ ਲਗਾਈ ਜਾਣੀ ਅਤੀ ਜਰੂਰੀ ਹੈ।

ਇਸ ਲਈ ਮੈ ਗੁਰਨੀਤ ਤੇਜ,ਆਈ.ਏ.ਐਸ,ਜਿਲ੍ਹਾ ਮੈਜਿਸਟਰੇਟ,ਰੂਪਨਗਰ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲੇ ਵਿਚ ਚੱਲ ਰਹੇ ਮੈਰਿਜ ਪੈਲਸਾਂ ਵਿਚ ਹਥਿਆਰ ਆਦਿ ਲੈ ਕੇ ਆਉਣ ਅਤੇ ਫਾਇਰ ਕਰਨ ਤੇ ਪੂਰਨ ਪਾਬੰਦੀ ਲਗਾਉਂਦੀ ਹਾਂ।

ਹਾਲਾਤ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕ ਤਰਫਾ ਜਾਰੀ ਕੀਤਾ ਜਾਂਦਾ ਹੈ ਕਿ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ । ਇਸ ਸਬੰਧੀ ਸੀਨੀਅਰ ਪੁਲਿਸ ਕਪਤਾਨ,ਰੂਪਨਗਰ ਅਤੇ ਉਪ ਮੰਡਲ ਮੈਜਿਸਟਰੇਟਸ ਇਸ ਹੁਕਮ ਦੀ ਪਾਲਣਾ ਕਰਨ ਲਈ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਉਣਗੇ

ਇਹ ਹੁਕਮ **ਮਿਤੀ 12-12-2017 ਤੋਂ 11-02-2018 ਤੱਕ** ਲਾਗੂ ਰਹੇਗਾ।

ਇਸ ਹੁਕਮ ਦਾ ਲੋਕ ਸੰਪਰਕ ਅਫਸਰ,ਰੂਪਨਗਰ ਦੀ ਪ੍ਰਚਾਰ ਗੱਡੀ ਰਹੀਂ ਐਲਾਨ ਕੀਤਾ ਜਾਵੇਗਾ। ਇਹ ਹੁਕਮ ਜਿਲ੍ਹਾ ਲੋਕ ਸੰਪਰਕ ਅਫਸਰ,ਰੂਪਨਗਰ,ਆਕਾਸ਼ਵਾਣੀ/ ਦੁਰਦਰਸ਼ਨ/ ਅਖਬਾਰਾਂ ਰਾਹੀਂ ਪ੍ਰਚਾਰ ਕਰਵਾਕੇ ਪੁਲਿਸ ਸਟੇਸ਼ਨਾ/ਨਗਰ ਕੌਂਸਲਾਂ/ ਨਗਰ ਪੰਚਾਇਤਾਂ/ਉਪ ਮੰਡਲ ਮੈਜਿਸਟਰੇਟਸ/ ਤਹਿਸੀਲਦਾਰਾਜ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਅਤੇ ਸਦਰ ਮੁਕਾਮਾਂ ਦੇ ਨੋਟਿਸ ਬੋਰਡਾ ਤੇ ਇਸ ਹੁਕਮ ਦੀ ਨਕਲ ਚਸਪਾਂ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮਿਤੀ ਇਹ ਹੁਕਮ ਮਿਤੀ 11-12-2017 ਨੂੰ ਮੇਰੇ ਦਸਤਾਖਰਾਂ ਅਤੇ ਅਦਾਲਤੀ ਦੀ ਮੋਹਰ ਹੇਠ ਜਾਰੀ ਹੋਇਆ।

ਜ਼ਿਲਾ ਮੈਜਿਸਟਰੇਟ ਸਤਯਮੇਵ ਜਯਤੇ ਰੂਪਨਗਰ।

ਸਹੀ/-
ਜਿਲਾ ਮੈਜਿਸਟਰੇਟ,
ਰੂਪਨਗਰ।

ਨੰ: 26521-570/ਫਸ-1 ਮਿਤੀ 11/12/17

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ,ਪੰਜਾਬ,ਚੰਡੀਗੜ੍ਹ।
3. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
4. ਡੀ.ਆਈ.ਜੀ., ਰੂਪਨਗਰ ਰੇਂਜ, ਰੂਪਨਗਰ।
5. ਡੀ.ਆਈ.ਜੀ., ਸੀ.ਆਈ.ਡੀ., ਪੰਜਾਬ, ਚੰਡੀਗੜ੍ਹ।
6. ਸਮੂਹ ਜਿਲ੍ਹਾ ਮੈਜਿਸਟਰੇਟ, ਅਜੀਤਗੜ੍ਹ (ਮੋਹਾਲੀ), ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜਪੁਰ, ਮਾਨਸਾ, ਮੋਗਾ, ਲੁਧਿਆਣਾ,ਜਲੰਧਰ, ਕਪੂਰਥਲਾ, ਤਰਨਤਾਰਨ, ਅਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਸਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਫਾਜਿਲਕਾ, ਪਠਾਨਕੋਟ।
7. ਡਾਇਰੈਕਟਰ, ਆਲ ਇੰਡੀਆ ਰੇਡੀਓ, ਜਲੰਧਰ।
8. ਸੀਨੀਅਰ ਪੁਲਿਸ ਕਪਤਾਨ, ਰੂਪਨਗਰ (20 ਕਾਪੀਆਂ)
9. ਜਿਲ੍ਹਾ ਸੈਸ਼ਨ ਜੱਜ,ਰੂਪਨਗਰ।
10. ਉਪ ਮੰਡਲ ਮੈਜਿਸਟਰੇਟ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ।
11. ਜਿਲਾ ਲੋਕ ਸੰਪਰਕ ਅਫਸਰ,ਰੂਪਨਗਰ (20 ਕਾਪੀਆਂ)
12. ਤਹਿਸੀਲਦਾਰ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ।
13. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਰੂਪਨਗਰ/ਸ੍ਰੀ ਆਨੰਦਪੁਰ ਸਾਹਿਬ/ਨੂਰਪੁਰ ਬੇਦੀ/ਸ੍ਰੀ ਚਮਕੌਰ ਸਾਹਿਬ/ ਮੋਰਿੰਡਾ।
14. ਕਾਰਜ ਸਾਧਕ ਅਫਸਰ, ਨਗਰ ਕੌਸ਼ਲ, ਰੂਪਨਗਰ/ਮੋਰਿੰਡਾ/ ਸ੍ਰੀ ਆਨੰਦਪੁਰ ਸਾਹਿਬ/ਨੰਗਲ
15. ਕਾਰਜ ਸਾਧਕ ਅਫਸਰ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ/ਕੀਰਤਪੁਰ ਸਾਹਿਬ
16. ਪੀ.ਏ. ਟੂ ਡੀ.ਐਮ.,/ਏ.ਡੀ.ਐਮ., ਰੂਪਨਗਰ।
17. ਜਿਲ੍ਹਾ ਸੂਚਨਾ ਅਫਸਰ, ਰੂਪਨਗਰ।

ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਕਮਿਸ਼ਨਰ(ਜ)
ਵਾ: ਜਿਲ੍ਹਾ ਮੈਜਿਸਟਰੇਟ,
ਰੂਪਨਗਰ।